**ਪ੍ਰਕਾਸ਼ਨ ਹਿੱਤ** **ਮਿਤੀ – 19/1/2008**

# "ਪ੍ਰੈਸ ਨੋਟ"

## ਰਾਗੀ ਦਰਸ਼ਨ ਸਿੰਘ ਗੁਰਮਤਿ ਵਿਰੋਧੀ ਹਰਕਤਾਂ ਤੋਂ ਬਾਜ ਆਏ

**ਟਰੋਂਟੋ ੧੯ ਜਨਵਰੀ** (ਬਰੈਮਪਟੰਨ) -: ਕੇਨੇਡਾ ਦੇ ਟਰੋਂਟੋ ਸਥਿਤ ਵੱਖ-ਵੱਖ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਅਤੇ ਮੋਹਰੀ ਸਿੱਖ ਜੱਥੇਬੰਦੀਆਂ ਦੇ ਪ੍ਰਤੀਨਿਧੀਆਂ ਨੇ ਅੱਜ ਇਕ ਮੀਟਿੰਗ ਜੋਤਪ੍ਰਕਾਸ਼ ਗੁਰਦੁਆਰਾ ਸਾਹਿਬ (ਬਰੈਮਪਟੰਨ) ਵਿਖੇ ਕੀਤੀ, ਜਿਸ ਵਿਚ ਟਰੋਂਟ ਇਲਾਕੇ ਦੇ ਪੰਥਕ ਨੁਮਾਇੰਦਿਆਂ ਨੇ ਭਾਗ ਲਇਆ। ਇਸ ਵਿਚ ਅਕਾਲ ਤਖ਼ਤ ਸਾਹਿਬ ਦੇ ਸਾਬਕਾ ਜਥੇਦਾਰ ਰਹੇ ਰਾਗੀ ਦਰਸ਼ਨ ਸਿੰਘ ਦੀਆਂ ਪੰਥ ਵਿਰੋਧੀ ਕਾਰਵਾਈਆਂ ਦਾ ਸਖਤ ਨੋਟਿਸ ਲਿਆ ਗਿਆ। ਮੀਟਿੰਗ ਵਿਚ ਇਹ ਚੇਤਾਵਨੀ ਦਿੱਤੀ ਹੈ ਕਿ ਉਹ ਆਪਣੀਆਂ ਗੁਰਮਤਿ ਵਿਰੋਧੀ ਕਾਰਵਾਈਆਂ ਤੋਂ ਬਾਜ ਆ ਜਾਣ।

ਮੀਟਿੰਗ ਵਿਚ ਸ਼ਾਮਿਲ ਹੋਈ ਦਮਦਮੀ ਟਕਸਾਲ, ਅਖੰਡ ਕੀਰਤਨੀ ਜਥਾ ਕੇਨੇਡਾ, ਮਾਤਾ ਭਾਗ ਕੌਰ ਦਲ, ਗੁਰਦੁਆਰਾ ਕਮੇਟੀਆਂ ਅਤੇ ਹੋਰ ਪੰਥਕ ਜਥੇਬੰਦੀਆਂ ਦੇ ਸਾਂਝੇ ਰੂਪ ਵਿਚ ਅੱਜ ਇੱਥੇ ਜਾਰੀ ਇਕ ਪ੍ਰੈਸ ਬਿਆਨ ਵਿਚ ਕਿਹਾ ਗਿਆ ਕਿ ਪਹਿਲਾ ਹੀ ਟਰੋਂਟੋ ਦੇ ਬਹੁ-ਗਿਣਤੀ ਗੁਰਦੁਆਰਾ ਸਾਹਿਬਾਂ ਦੇ ਪ੍ਰਬੰਧਕਾਂ ਦੁਆਰਾ ਪਿਛਲੇ ਲੰਬੇ ਸਮੇ ਤੋਂ ਰਾਗੀ ਦਰਸ਼ਨ ਸਿੰਘ ਨੂੰ ਇਹਨਾਂ ਗੁਰਦੁਆਰਾ ਸਾਹਿਬਾਨ ਵਿਚ ਕੀਰਤਨ ਜਾਂ ਵਿਆਖਿਆ ਨਹੀਂ ਕਰਨ ਦਿੱਤੀ ਜਾਂਦੀ।

ਬਿਆਨ ਜਾਰੀ ਕਰਨ ਵਾਲੇ ਇਹਨਾਂ ਸਮੂਹ ਪ੍ਰਤੀਨਿਧੀਆਂ ਨੇ ਕਿਹਾ ਕਿ ਰਾਗੀ ਦਰਸ਼ਨ ਸਿੰਘ ਦੇ ਵਿਆਖਿਆਨ, ਮੱਠੋਠਗਣੀਆਂ ਗੱਲਾਂ, ਚਾਤਰ ਗੁੰਝਲਦਾਰ ਸ਼ਬਦਜਾਲ, ਦੋਗਲੀ ਭਾਸ਼ਾ ਨੀਤੀ ਅਤੇ ਚੁੰਚਗਿਆਨ ਤੋਂ ਭਰਭੂਰ ਹੁੰਦੇ ਹਨ। ਗੁਰਮਤਿ ਦੇ ਗਹਿਰੇ ਗੰਭੀਰ ਫਲਸਫੇ ਦੀ ਰਾਗੀ ਨੂੰ ਕੋਈ ਸਮਝ-ਸੋਝੀ ਨਹੀਂ ਹੈ ਅਤੇ ਗੁਰਬਾਣੀ ਦੀ ਵਿਆਖਿਆ ਕਰਨ ਲੱਗਿਆ ਰਾਗੀ ਦਰਸ਼ਨ ਸਿੰਘ ਗੁਰਸ਼ਬਦ ਦੇ ਮੂਲ ਹਾਸ਼ੀਏ ਤੋਂ ਬਾਹਰ ਜਾ ਕੇ ਆਪਣੀ ਸਿਆਸੀ ਮਨਸ਼ਾ ਅਨੁਸਾਰ ਸ਼ਬਦ ਦੇ ਮੂਲ ਭਾਵ ਅਰਥ ਤੋਂ ਕੋਹਾਂ ਦੂਰ ਜਾ ਕੇ ਮੰਨ ਘੜਤ ਵਿਆਖਿਆ ਕਰਦੇ ਹਨ। ਗੁਰਮਤਿ ਦੀ ਸਮਝ ਰੱਖਣ ਵਾਲਾ ਕੋਈ ਵੀ ਵਿਅਕਤੀ ਉਹਨਾਂ ਦੇ ਸ਼ਬਦਜਾਲ ਵਿਚ ਉਲਝਣ ਦੀ ਥਾਂ ਉਹਨਾਂ ਦਾ ਕੀਰਤਨ ਵਿਆਖਿਆਨ ਸੁਣਨਾ ਪਸੰਦ ਹੀ ਨਹੀਂ ਕਰਦਾ।

ਪਿਛਲੇ ਸਮੇਂ ਦੌਰਾਨ ਉਹਨਾਂ ਦਿੱਲੀ ਦੇ ਗੁਰਦੁਆਰਾ ਰਕਾਬ ਗੰਜ ਸਾਹਿਬ ਦੀ ਸਟੇਜ ਤੋਂ ਖਾਲਸਾ ਪੰਥ ਦੀ ਸਾਜਨਾ ਦਾ ਵਰਣਨ ਦ੍ਰਿਸ਼ਟ ਮਾਨ ਪ੍ਰਤੱਖ ਰੂਪ ਵਿਚ ਪੇਸ਼ ਕਰਨ ਵਾਲੀ ਭਾਈ ਗੁਰਦਾਸ ਸਿੰਘ ਜੀ (ਦੂਜੇ) ਦੁਆਰਾ ਰਚਿਤ 41 ਵਾਰ '*ਵਾਹੋ ਵਾਹੋ ਗੋਬਿੰਦ ਸਿੰਘ ਆਪੇ ਗੁਰ ਚੇਲਾ*' ਵਿਰੁਧ ਅਤਿਅੰਤ ਘਟੀਆ ਕਿਸਮ ਦਾ ਮਾਰੂ ਜਹਿਰ ਉਗਲਿਆ, ਨਾਲ ਹੀ ਦਸਮ ਗ੍ਰੰਥ ਸਾਹਿਬ ਦੀਆਂ ਬਾਣੀਆਂ ਉੱਪਰ ਭੱਦੀ ਟੀਕਾ ਟਿਪਣੀ ਕੀਤੀ।ਜਿਸ ਦੀ ਸਮੁੱਚੀ ਵੀਡੀਉ ਰਿਕਾਰਡਿੰਗ ਸਾਡੇ ਪਾਸ ਮੌਜੂਦ ਹੈ।ਇਸ ਦਿਨ ਰਾਗੀ ਜੀ ਦੇ ਨਾਲ ਸਟੇਜ ਤੇ ਸਾਬਕਾ ਹੋਮ ਮਨਿਸਟ੍ਰ ਬੂਟਾ ਸਿੰਘ ਇਕੱਠਾ ਜੁੜ ਕੇ ਬੈਠਾ ਹੋਇਆ ਸੀ।ਆਪਣੀ ਇਸ ਕੋਝੀ ਹਰਕਤ ਨੂੰ ਮੁੜ ਦਹਰਾਉਦਿਆ ਉਹਨਾਂ 5 ਜਨਵਰੀ 2008 ਨੂੰ ਦਸਮ ਪਾਤਸ਼ਾਹ ਦੇ ਗੁਰਪੁਰਬ ਵਾਲੇ ਦਿਨ ਗੁਰਦੁਆਰਾ ਰਕਾਬ ਗੰਜ ਸਾਹਿਬ ਵਿਚ ਸਜੇ ਦੀਵਾਨ ਅੰਦਰ ਦਸਮ ਪਾਤਸ਼ਾਹ ਦੀ ਬਾਣੀ ਬਚਿੱਤਰ ਨਾਟਕ ਬਾਰੇ ਜਹਿਰ ਉਗਲਿਆ।ਜਿਸ ਦੇ ਪ੍ਰਤੀ ਕਰਮ ਵਜੋਂ ਪ੍ਰਸਿੱਧ ਸਿੱਖ ਵਿਦਵਾਨਾਂ ਅਤੇ ਅਖੰਡ ਕੀਰਤਨੀ ਜਥੇ ਨੇ ਉਹਨਾਂ ਨੂੰ ਦਸਮ ਗ੍ਰੰਥ ਅਤੇ ਭਾਈ ਗੁਰਦਾਸ ਜੀ ਦੀਆਂ ਵਾਰਾਂ ਸੰਬੰਧੀ ਬਹਿਸ ਲਈ ਖੁੱਲੀ ਚਣੌਤੀ ਦਿੱਤੀ। ਅੰਤਰਰਾਸਟਰੀ ਮੀਡੀਆ ਅਤੇ ਵੀਡੀਉ ਕੇਮਰਿਆ ਦੀ ਮੌਜੂਦਗੀ ਵਿਚ ਹੋਣ ਵਾਲੀ ਇਸ ਗੰਭੀਰ ਬਹਿਸ ਦੇ ਅਯੋਜਨ ਸਬੰਧੀ ਸਾਰੇ ਪ੍ਰਬੰਧ ਸਾਬੋ ਕੀ ਤਲਵੰਡੀ (ਬਠਿੰਡਾ) ਅਤੇ ਸ੍ਰੀ ਅੰਮ੍ਰਿਤਸਰ ਸਾਹਿਬ ਵਿਚ ਮੁਕੰਮਲ ਕਰ ਲਏ ਗਏ ਹਨ। ਲੇਕਿਨ ਰਾਗੀ ਜੀ ਖਿੜੇ ਮੱਥੇ ਵਿਚਾਰ ਵਟਾਂਦਰੇ ਦੀ ਚਣੌਤੀ ਸਵਿਕਾਰ ਕਰਨ ਦੀ ਥਾਂ ਤੇ ਪੰਥ ਤੋਂ ਛੇਕੇ ਕਾਲੇ ਅਫਗਾਨਿਆ ਦੀਆਂ ਫਰਜੀ ਜਥੇਬੰਦੀਆਂ ਨੂੰ ਅੱਗੇ ਲਾ ਕੇ ਆਪ ਚੁੱਪ ਚੁਪੀਤੇ ਪਿਛੋਂ ਦੀ ਭੱਜਣ ਦੇ ਇਰਾਦੇ ਵਿਚ ਨਜਰ

ਆ ਰਹੇ ਹਨ।ਅਸੀਂ ਸਾਰੇ ਅੱਜ ਇਸ ਗੰਭੀਰ ਵਿਸ਼ੇ ਸਬੰਧੀ ਹੋਈ ਮੀਟਿੰਗ ਉਪਰੰਤ ਰਾਗੀ ਦਰਸ਼ਨ ਸਿੰਘ ਨੂੰ ਇਹ ਚੇਤਾਵਨੀ ਅਤੇ ਮੁੜ ਚਨੌਤੀ ਵੀ ਦੇਣੀ ਚਾਹੁੰਦੇ ਹਾਂ ਕਿ ਉਹ ਆਪਣੀਆਂ ਗੁਰਮਤਿ ਵਿਰੋਧੀ ਹਰਕਤਾਂ ਬੰਦ ਕਰਕੇ ਸਿੱਖ ਵਿਦਵਾਨਾਂ ਦੇ ਆਹਮੋ-ਸਾਹਮਣੇ ਹੋ ਕੇ ਬੈਠਣ ਤਾਂ ਕਿ ਉਹਨਾਂ ਨੂੰ ਵੀ ਆਪਣੇ ਚੁੰਚਗਿਆਨ ਦਾ ਪੱਧਰ ਪਤਾ ਲੱਗ ਸਕੇ।

ਜੋ ਅੱਜ ਤੱਕ ਦਸਮ ਗ੍ਰੰਥ ਸਾਹਿਬ ਦੀ ਬਾਣੀ ਦਾ ਕੀਰਤਨ ਗਾਇਣ ਕਰਕੇ ਮਾਇਆ ਇਕੱਠੀ ਕੀਤੀ ਹੈ ਅੱਜ ਉਹਨਾਂ ਹੀ ਦਸਮ ਪਾਤਿਸ਼ਾਹ ਜੀ ਦੇ ਗੁਰਬਚਨਾਂ ਨੂੰ ਪਤਾ ਨਹੀ ਕਹੇੜੀ ਮਜਬੂਰੀ ਕਾਰਨ ਫੋਕੀਆਂ ਦਲ਼ੀਲ਼ਾਂ ਆਖ ਕੇ ਇਲਾਹੀ ਬਾਣੀ ਤੇ ਕਿੰਤੂ ਪਰੰਤੂ ਕਰਦੇ ਹਨ।

ਜਿਥੇ ਅਸੀਂ ਰਾਗੀ ਦਰਸ਼ਨ ਸਿੰਘ ਨੂੰ ਚੇਤਾਵਨੀ ਦਿੰਦੇ ਹਾਂ ਉਥੇ ਅਸੀਂ ਸਮੂਹ ਸਿਖ ਸੰਗਤਾਂ ਨੂੰ ਅਪੀਲ ਕਰਦੇ ਹਾਂ ਕਿ ਜੋ ਅਖੌਤੀ ਵਿਦਵਾਨ ਦੁਬਦਾਵਾਂ ਪੈਦਾ ਕਰਦੇ ਹਨ ਓਹਨਾਂ ਤੋਂ ਸੰਗਤਾਂ ਸੁਚੇਤ ਰਹਨ ਅਤੇ ਮੂਹ ਨਾਂ ਲਾਊਣ।

ਸਹਿਯੋਗੀ ਗੁਰਦੁਆਰਾ ਸਾਹਿਬਾਨ ਅਤੇ ਜਥੇਬੰਦੀਆਂ :

ਸ਼੍ਰੀ ਗੁਰੂ ਸਿੰਘ ਸਭਾ ਮਾਲਟਨ
ਸ਼੍ਰੋਮਣੀ ਸਿਖ ਸੰਗਤ ਮਿਸੀਸਾਗਾ
ਗੁਰਦੁਆਰਾ ਜੋਤਪ੍ਰਕਾਸ਼ ਸਾਹਿਬ
ਗੁਰਦੁਆਰਾ ਤਪੋਬਨ ਸਾਹਿਬ
ਗੁਰਦੁਆਰਾ ਸਿਖ ਸਿਪ੍ਰਿਟੂਅਲ ਸੈਂਟਰ ਰੈਕਸਡੇਲ
ਗੁਰਦੁਆਰਾ ਸਿੰਘ ਸਭਾ ਵੈਸਟਨ
ਗੁਰਦੁਆਰਾ ਸਾਹਿਬ ਪੇਪ
ਗੁਰਦੁਆਰਾ ਸਿੰਘ ਸਭਾ ਰੈਕਸਡੇਲ
ਗੁਰਦੁਆਰਾ ਸ਼ਹੀਦ ਗੱੜ ਹੈਮਿਲਟਨ
ਗੁਰਦੁਆਰਾ ਬਾਬਾ ਬੁਡਾ ਜੀ
ਸ਼੍ਰੀ ਗੁਰੂ ਨਾਨਕ ਸਿਖ ਸੈਂਟਰ ਬਰੈਮਪਟਨ
ਮਾਤਾ ਭਾਗ ਕੌਰ ਜਾਗਰਤੀ ਦਲ
ਬਾਬਾ ਦੀਪ ਸਿੰਘ ਗਤਕਾ ਅਖਾੜਾ
ਦਮਦਮੀ ਟਕਸਾਲ ਇਂਟ੍ਰਨੈਸ਼ਨਲ
ਅਖੰਡ ਕੀਰਤਨੀ ਜਥਾ ਟਰੋਂਟੋ
ਇਨਸਟੀਟਯੂਟ ਆਫ਼ ਗੁਰਮਤਿ ਸਟਡੀਜ

## ਜਾਰੀ ਕਰਤਾ :


ਭਾ: ਹਰਦੀਪ ਸਿੰਘ (647-801-9700)
ਭਾ: ਸਰਵਿੰਦਰ ਸਿੰਘ (416-820-3072)
ਭਾ: ਸੁਖਵੀਰ ਸਿੰਘ (647-830-0421)
ਭਾ: ਪਰਮਜੀਤ ਸਿੰਘ (416-836-7512)
ਭਾ: ਗੁਰਜੀਤ ਸਿੰਘ (416-560-6326)